# ਜਾਣ-ਪਛਾਣ

ਨੇਮਾਂ ਦੀ ਧਾਰਣਾ ਨੂੰ ਸਮਝੇ ਬਗ਼ੈਰ ਬਾਈਬਲ ਨੂੰ ਸਮਝਿਆ ਨਹੀਂ ਜਾ ਸਕਦਾ, ਕਿਉਂਕਿ ਬਾਈਬਲ ਦਾ ਸੰਦੇਸ਼ ਕਈ ਅਹਿਮ ਨੇਮਾਂ ਦੇ ਆਲੇ-ਦੁਆਲੇ ਘੁੰਮਦਾ ਹੈ। ਸਾਨੂੰ ਮਸੀਹ ਵਿਚ ਮਿਲਣ ਵਾਲੀਆਂ ਇਕ ਪੁਰਾਣੇ ਨੇਮ ਦੇ ਪੂਰਾ ਹੋਣ ਅਤੇ ਯਿਸੂ ਵੱਲੋਂ ਸਾਡੇ ਨਾਲੇ ਕੀਤੇ ਆਖ਼ਰੀ ਨੇਮ ਕਰਕੇ ਹੀ ਹੈ।

ਨੇਮ ਜਾਂ ਅਹਿਦ ਕੀਤੇ ਗਏ ਵਾਅਦੇ ਜਾਂ ਸਮਝੌਤੇ ਨੂੰ ਆਖਿਆ ਜਾਂਦਾ ਹੈ। ਇਬਰਾਨੀ ਸ਼ਬਦ (*berith*) ਦਾ ਅਨੁਵਾਦ ''ਨੇਮ'' *barah* ਤੋਂ ਕੀਤਾ ਗਿਆ ਹੈ ਜਿਸਦਾ ਅਰਥ ''ਕੱਟਣਾ'' ਜਾਂ ''ਦੇ ਨਾਲ ਰੋਟੀ ਖਾਣਾ'' ਹੈ। ਇਸਨੂੰ ''ਵਿਚਕਾਰ'' ਦੇ ਅਰਥ ਵਾਲੇ ਸ਼ਬਦ *beritu* ਨਾਲ ''ਬੰਦਿਸ਼'' ਲਈ ਸ਼ਬਦ *biret* ਨਾਲ ਜੁੜਿਆ ਹੈ।

ਲੋਕਾਂ ਅਤੇ ਕੌਮਾਂ ਦੇ ਇਲਾਵਾ ਖ਼ੁਦਾ ਨੇ ਨੂਹ, ਅਬਰਾਹਾਮ, ਦਾਊਦ ਅਤੇ ਹੋਰ ਆਦਮੀਆਂ ਨਾਲ ਨੇਮ ਬੰਨ੍ਹੇ। ਇਨ੍ਹਾਂ ਵਿੱਚੋਂ ਸਭ ਤੋਂ ਮਸ਼ਹੂਰ ਇਸਰਾਏਲ ਨਾਲ ਬਨ੍ਹਿਆਂ ਖ਼ੁਦਾ ਦਾ ਪੁਰਾਣਾ ਅਤੇ ਮਸੀਹੀ ਲੋਕਾਂ ਨਾਲ ਬੰਨ੍ਹਿਆਂ ਨਵਾਂ ਨੇਮ ਹੈ। ਇਨ੍ਹਾਂ ਵਿੱਚੋਂ ਕੁਝ ਨੇਮਾਂ ਨਾਲ ਉਨ੍ਹਾਂ ਨੂੰ ਜਿਨ੍ਹਾਂ ਨਾਲ ਖ਼ੁਦਾ ਨੇ ਨੇਮ ਬੰਨ੍ਹਿਆ ਸੀ ਸਿੱਧੇ ਫ਼ਾਇਦਾ ਹੋਇਆ। ਹੋਰ ਨੇਮ ਅਗਲੀਆਂ ਪੀੜ੍ਹੀਆਂ ਲਈ ਸਨ ਜਿਨ੍ਹਾਂ ਨੂੰ ਉਨ੍ਹਾਂ ਦੇ ਪੁਰਖਿਆਂ ਨਾਲ ਕੀਤੇ ਗਏ ਅਹਿਦ ਕਰਕੇ ਬਰਕਤਾਂ ਮਿਲਣੀਆਂ ਸਨ।

ਖ਼ੁਦਾ ਨੇ ਹੀ ਮਨੁੱਖਾਂ ਨਾਲ ਨੇਮ ਨਹੀਂ ਬੰਨ੍ਹੇ, ਮਨੁੱਖਾਂ ਨੇ ਵੀ ਇਕ ਦੂਜੇ ਨਾਲ ਨੇਮ ਬੰਨ੍ਹੇ ਹਨ। ਪੁਰਾਣੇ ਨੇਮ ਦੀਆਂ ਵਿਆਖਿਆਵਾਂ ਦੀਆਂ ਖ਼ੂਬੀਆਂ ਸਨ। ਪਰ ਉਨ੍ਹਾਂ ਵਿੱਚੋਂ ਵਧੇਰੇ ਨੇਮ ਦੋ ਧਿਰਾਂ ਦਰਮਿਆਨ ਕੀਤੇ ਇਕਰਾਰਨਾਮੇ ਦੀਆਂ ਜ਼ਿੰਮੇਵਾਰੀਆਂ ਸਨ।

ਕੁਝ ਨੇਮਾਂ ਦੀਆਂ ਸ਼ਰਤਾਂ ਇਕ ਜਾਂ ਦੋਹਾਂ ਧਿਰਾਂ ਵੱਲੋਂ ਠਹਿਰਾਈਆਂ ਜਾਂਦੀਆਂ ਸਨ ਅਤੇ ਬਾਅਦ ਵਿਚ ਦੋਹਾਂ ਧਿਰਾਂ ਵੱਲੋਂ ਉਨ੍ਹਾਂ ਨੂੰ ਖੁਸ਼ੀ ਨਾਲ ਮੰਨ ਲਿਆ ਜਾਂਦਾ ਸੀ। ਇਕ ਹੋਰ ਤਰ੍ਹਾਂ ਦੇ ਨੇਮ ਵਿਚ ਬਰਕਤਾਂ ਲੈਣ ਵਾਲੇ ਤੇ ਬਗੈਰ ਕੋਈ ਸ਼ਰਤ ਲਾਏ ਬਰਕਤਾਂ ਦੇਣ ਵਾਲੇ ਦਾ ਵਾਅਦਾ ਹੁੰਦਾ ਸੀ।

ਦੋਵੇਂ ਧਿਰ ਬਰਾਬਰ ਦੇ ਨਾ ਹੋਣ ਤੇ ਵੱਡਾ ਧਿਰ ਛੋਟੇ ਤੇ ਨੇਮ ਦੀ ਸ਼ਰਤ ਰੱਖ ਸਕਦਾ ਸੀ। ਅਜਿਹੇ ਵਾਅਦਿਆਂ ਵਿਚ ਛੋਟੇ ਪੱਖ ਤੇ ਹੁਕਮ ਮੰਨਣ ਦੀ ਸ਼ਰਤ ਰੱਖੀ ਜਾਂਦੀ ਸੀ। ਇਸ ਵਿਚ ਆਮ ਤੌਰ ਤੇ ਉਸ ਨੇਮ ਨੂੰ ਮੰਨਣ ਦੀਆਂ ਬਰਕਤਾਂ ਜਾਂ ਨੇਮ ਨੂੰ ਤੋੜਨ ਦੇ ਭਿਆਨਕ ਨਤੀਜੇ ਸ਼ਾਮਿਲ ਹੁੰਦੇ ਸਨ।

ਨੇਮ ਦੀਆਂ ਸ਼ਰਤਾਂ ਮੰਨ ਲੈਣ ਤੇ, ਉਹ ਸ਼ਰਤਾਂ ਕਈ ਤਰ੍ਹਾਂ ਨਾਲ ਜਾਇਜ਼ ਮੰਨਣੀਆਂ ਜ਼ਰੂਰੀ ਹੋ ਜਾਂਦੀਆਂ ਸਨ। ਸਮਝੌਤੇ ਨੂੰ ਇਕ ਦੂਜੇ ਤੋਂ ਸਹੁੰ ਲੈ ਕੇ ਇਕੱਠੇ ਦਾਅਵਤ ਕਰ ਕੇ, ਜਾਂ ਅਹਿਦ ਦੀ ਕੋਈ ਨਿਸ਼ਾਨੀ ਦੇ ਕੇ ਪੱਕਾ ਕੀਤਾ ਜਾਂਦਾ ਸੀ। ਅਹਿਦ ਦੇਣ ਵਾਲਾ ਤੋਹਫ਼ਾ ਜਾਂ ਨਿਸ਼ਾਨੀ ਦੇ ਤੌਰ ਤੇ ਕੋਈ ਨਿੱਜੀ ਚੀਜ਼ ਦੇ ਦਿੰਦਾ ਸੀ। ਕਈ ਵਾਰ ਅਹਿਦ ਬੰਨ੍ਹਣ ਵਾਲੇ ਕਿਸੇ ਅਜਿਹੇ ਸਮਾਰੋਹ ਵਿਚ ਭਾਗ ਲੈਂਦੇ ਸਨ ਜਿਸ ਵਿਚ ਕਿਸੇ ਪਸ਼ੂ ਜਾਂ ਪਸ਼ੂਆਂ ਦੇ ਕੱਟੇ ਅੰਗਾਂ ਵਿੱਚੋਂ ਦੀ ਲੰਘਣਾ ਸ਼ਾਮਿਲ ਹੁੰਦਾ ਸੀ।

ਨੇਮ ਜਾਂ ਅਹਿਦ ਪੱਕਾ ਕਰਨ ਲਈ ਵਰਤੇ ਜਾਣ ਵਾਲੇ ਕੰਮਾਂ ਦੇ ਸੰਕੇਤਕ ਅਰਥ ਸਨ।

ਉਦਾਹਰਣ ਲਈ, ਨੇਮ ਨੂੰ ਜਾਰੀ ਰੱਖਣ ਲਈ ਲੂਣ ਦੀ ਸੰਕੇਤਕ ਵਰਤੋਂ ਕੀਤੀ ਜਾਂਦੀ; ਜਿਵੇਂ ਲੂਣ ਚੀਜ਼ਾਂ ਨੂੰ ਖਰਾਬ ਹੋਣ ਤੋਂ ਬਚਾਉਂਦਾ ਹੈ ਉਵੇਂ ਹੀ ਨੇਮ ਦੀ ਪਾਲਣਾ ਵੀ ਜ਼ਰੂਰੀ ਹੁੰਦੀ ਸੀ। ਕੱਟੇ ਹੋਏ ਪਸ਼ੂ ਦੇ ਅੰਗਾਂ ਵਿੱਚੋਂ ਦੀ ਨਿੱਕਲਣ ਦਾ ਮਤਲਬ ਹੁੰਦਾ ਸੀ ਕਿ ਜਿਹੜਾ ਉਸ ਨੇਮ ਦੀ ਉਲੰਘਣਾ ਕਰੇਗਾ ਉਸਦੇ ਵੀ ਓਸੇ ਤਰ੍ਹਾਂ ਟੋਟੇ ਕਰ ਦਿੱਤੇ ਜਾਣਗੇ। ਦਾਅਵਤ ਭਾਈਚਾਰੇ ਵਿਚ ਵਿਸ਼ਵਾਸ ਨੂੰ ਵਿਖਾਉਂਦੀ ਸੀ ਜੋ ਨੇਮ ਬੰਨ੍ਹਣ ਵਾਲੇ ਦੋਹਾਂ ਲੋਕਾਂ ਤੇ ਲਾਗੂ ਹੁੰਦਾ ਸੀ। ਨੇਮ ਦੇ ਸਮਝੌਤੇ ਦੇ ਤੌਰ ਤੇ ਦਿੱਤਾ ਗਿਆ ਤੋਹਫ਼ਾ ਜਾਂ ਪੱਥਰਾਂ ਦਾ ਢੇਰ ਨੇਮ ਨੂੰ ਚੇਤੇ ਰੱਖਣ ਦਾ ਕੰਮ ਕਰਦਾ ਸੀ। ਨੇਮ ਬੰਨ੍ਹਣ ਲਈ ਲਹੂ ਦਾ ਮੁੱਲ ਦਿੱਤਾ ਜਾਂਦਾ ਸੀ। ਲਹੂ ਵਹਾਉਣਾ ਨੇਮ ਦੀ ਅਹਿਮੀਅਤ ਨੂੰ ਦਰਸਾਉਂਦਾ ਸੀ।

ਬਾਈਬਲ ਅਧਿਐਨ ਕਰਦਿਆਂ ਸਾਨੂੰ ਬਰਾਬਰ ਦੇ ਲੋਕਾਂ ਵੱਲੋਂ ਇਕ ਵਿਅਕਤੀ ਅਤੇ ਸਮੂਹ ਜਾਂ ਕਿਸੇ ਕੌਮ ਵਿਚ, ਦੋ ਸਮੂਹਾਂ ਦੇ ਨੇਮ ਬੰਨ੍ਹਣ ਦੀਆਂ ਗੱਲਾਂ ਮਿਲਣਗੀਆਂ। ਇਨ੍ਹਾਂ ਲੋਕਾਂ ਵੱਲੋਂ ਆਪਣੇ ਮਨ ਨਾਲ ਅਤੇ ਖ਼ੁਦਾ ਨਾਲ ਬੰਨ੍ਹੇ ਨੇਮ ਨੂੰ ਵੇਖਾਂਗੇ। ਪਰ ਬਾਈਬਲ ਵਿਚ ਅਹਿਮ ਨੇਮ ਉਹ ਹਨ ਜੋ ਖ਼ੁਦਾ ਨੇ ਆਪਣੇ ਲੋਕਾਂ ਨਾਲ ਬੰਨ੍ਹੇ ਸਨ। ਹੁਣ ਉਨ੍ਹਾਂ ਖਾਸ ਨੇਮਾਂ ਜਾਂ ਅਹਿਦਾਂ ਦਾ ਅਧਿਐਨ ਕਰਦੇ ਹਾਂ ਜੋ ਖ਼ੁਦਾ ਨੇ ਲੋਕਾਂ ਨਾਲ, ਚੁਣੀ ਹੋਈ ਕੌਮ ਨਾਲ ਅਤੇ ਸਭ ਲੋਕਾਂ ਨਾਲ ਬੰਨ੍ਹੇ।